G-708

ਕੋਸ਼

ਕੀ ਕੋਸ਼ ਰਖੇ ਬਿਨਾ
ਵਾਹਿਗੁਰੂ ਮਿਲ ਸਕਦਾ ਹੈ ?

G-708

ਲੇਖਕ-ਭਾਈ ਸੇਵਾ ਸਿੰਘ ਜੀ

ਪ੍ਰਕਾਸ਼ਕ-ਭਾਈ ਚਤਰ ਸਿੰਘ ਜੀਵਨ ਸਿੰਘ

ਦੂਜੀ ਵਾਰ { ਪੁਸਤਕਾਂ ਵਾਲੇ, ਬਜਾਜ ਮਾਈ ਸੇਵਾਂ, ਅਮ੍ਰਿਤਸਰ (੧ ਖ਼)

ਸ਼ਿਮਲਾ ਪ੍ਰਿੰਟਿੰਗ ਪ੍ਰੈਸ ਅਮ੍ਰਿਤਸਰ ਵਿਚ ਛਪੀ ।

੨੬੪.੬
ਸੇ ੬੬੨
20123

ਸ਼ਿਮਲਾ ਪ੍ਰਿੰਟਿੰਗ ਪ੍ਰੈਸ ਅੰਮ੍ਰਿਤਸਰ ਵਿਚ
ਭੀ. ਮੋਹਨਸਿੰਘ ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਪਿਆ ॥

੨੬੪.੬
ਸੇ ੬੬੨
20123

ਮੁਖ ਬੰਦ

ਸ਼ੇਰ ਦੇ ਦੋਨਾਂ ਜਬੜਿਆਂ ਵਿਚ ਕੱਟਨ ਤੇ ਪਾੜਨ ਵਾਲੇ ਦੰਦ ਤੇ ਪੰਜਿਆਂ ਵਿਚ ਪੰਜ ਨਿਹੁੰ ਹੁੰਦੇ ਹਨ, ਕਿੰਤੂ ਬੱਕਰੀ ਦੇ ਕੇਵਲ ਇਕ ਜਬੜੇ ਵਿਚ ਦੰਦ ਤੇ ਪੈਰਾਂ ਵਿਚ ਸੁੰਮ ਹੁੰਦੇ ਹਨ। ਬਿੱਲੀ ਰਾਤ ਦੇ ਅਨ੍ਹੇਰੇ ਵਿਚ ਚੰਗੀ ਤਰਾਂ ਵੇਖ ਸਕਦੀ ਹੈ, ਆਦਮੀ ਨੂੰ ਕਾਲੀ ਰਾਤ ਵਿਚ ਕੁਝ ਨਹੀਂ ਵਿਖਾਈ ਦੇਂਦਾ। ਗਊ ਦਾ ਕੱਦ ੫ ਫੁਟ ਉੱਚਾ, ਪਰ ਚਾਰ ਫੁਟ ਲੰਮੀ ਪੂੰਛ ਹੁੰਦੀ ਹੈ, ਕਿੰਤੂ ਊਠ ਕੱਦ ਵਿਚ ਗਊ ਨਾਲੋਂ ਡੇਉਢਾ ਉਚਾ ਤੇ ਗਿੱਠਭਰ ਪੂੰਛ। ਘੋੜੇ ਦੀ ਪਿੱਠ ਤੇ ਵਾਲ ਤੇ ੪ ਫੁਟ ਲੰਮੀ ਵਾਲਾਂ ਵਾਲੀ ਪੂੰਛ, ਪ੍ਰੰਤੂ ਹਾਥੀ ਘੋੜੇ ਨਾਲੋਂ ਕਾਫੀ ਉੱਚਾ ਤੇ ਮੋਟਾ ਹੁੰਦਾ ਹੈ, ਪਿੰਡੇ ਤੇ ਵਾਲ ਉੱਕਾ ਕੋਈ ਨਹੀਂ ਹੁੰਦਾ ਤੇ ਪੂੰਛ ਇਕ ਗਿੱਠ ਲੰਮੀ। ਊਠ ਇਕ ਦਿਨ ਪਾਣੀ ਪੀ ਲਵੇ ਤਦ ਅੱਠ ਅੱਠ, ਦਸ ਦਸ, ਦਿਨਾਂ ਤੱਕ ਬਿਨਾਂ ਪਾਣੀ ਪੀਤੇ ਦੇ ਸਮਾਂ ਲੰਘਾ ਸਕਦਾ ਹੈ, ਕਿੰਤੂ ਹਾਥੀ, ਘੋੜਾ, ਗਊ ਆਦਿ ਵਿਚ ਇਹ ਗੁਣ ਨਹੀਂ।

ਇਹ ਤੇ ਇਸ ਤਰਾਂ ਦੀਆਂ ਹੋਰ ਹਜ਼ਾਰਾਂ ਉਦਾਹਰਨਾਂ ਵੇਖ ਕੇ ਆਦਮੀ ਹੈਰਾਨਹੋ ਜਾਂਦਾ ਹੈ ਤੇ ਉਹ ਵੱਡੇ ਕਤੂਹਲ ਜਹੇ ਹਿਰਦੇ ਨਾਲ ਪੁੱਛਦਾ ਹੈ ਕਿ ਹੈਂ ! ਇਹ ਅਡਰਾਪਨ ਕਿਉਂ ? ਤੇ ਕਈ ਉਤਾਵਲੇ ਸੁਭਾਉ ਦੇ ਜੋ ਸੋਚਣ ਤੇ ਸਮਝਣ ਦੀ ਖੇਚਲ ਨਹੀਂ ਕਰਦੇ, ਐਥੋਂ ਤੱਕ ਕੇਹ ਦੇਂਦੇ ਹਨ ਕਿ ਕੁਦਰਤ ਨੇ ਇਹ ਬੜੀ ਕਾਣੀ ਵੰਡ ਕੀਤੀ ਹੈ, ਜਿਸਦੇ ਵਿਚ ਅਕਲ ਤੇ ਸਿਆਣਪ ਤੋਂ ਕੋਈ ਕੰਮ ਨਹੀਂ ਲਿਆ ਗਿਆ। ਕਿੰਤੂ ਸੱਜਨੋਂ ਕੀ ਤੁਸਾਂ ਕਦੇ ਇਸਤਰਾਂ ਦੇ ਅਡਰੇਪਨ ਤੇ ਵਿਚਾਰ ਕੀਤੀ ਹੈ ? ਕੀ ਤੁਸੀਂ ਵੀ ਖਿਆਲ ਕਰਦੇ ਹੋ ਕਿ ਵਾਹਿਗੁਰੂ ਦੀ ਇਸ ਵੰਡ ਵਿਚ ਅਕਲ ਕੋਹਾਂ ਦੂਰ ਰਹੀ ਹੈ ? ਸਾਡਾ ਖਿਆਲ ਹੈ ਕਿ ਕੋਈ ਇਨਸਾਨ ਜਿਸਦੇ ਸਰੀਰ ਤੇ ਸਿਰ, ਸਿਰ ਵਿਚ ਦਿਮਾਗ ਤੇ ਦਿਮਾਗ ਵਿਚ ਜ਼ਰਾ ਜਿੰਨੀ ਵੀ ਸਮਝ ਦਾ ਮਾਦਾ ਹੈ, ਉਹ ਇਸਤਰਾਂ ਦੇ ਖਿਆਲ

ਕਦੇ ਵੀ ਦਿਮਾਗ ਵਿਚ ਨਹੀਂ ਲਿਆ ਸਕਦਾ, ਕਿਉਂਕਿ ਜਦ ਰਹੁ ਨਾਲ ਇਨ੍ਹਾਂ ਫਰਕਾਂ ਨੂੰ ਵੇਖਿਆ ਜਾਵੇ, ਤਦ ਪਤਾ ਲਗਦਾ ਹੈ ਕਿ ਸ਼ੇਰ ਮਾਸ ਹਾਰੀ ਹੈ, ਉਹਨੂੰ ਸ਼ਕਾਰ ਕਰਨ ਤੇ ਮਾਸ਼ ਦੇ ਖਾਣ ਲਈ ਤੇਜ਼ ਨਿਹੁੰ ਤੇ ਕੱਟਣ ਤੇ ਪਾੜਨ ਵਾਲੇ ਦੰਦਾਂ ਦੀ ਲੋੜ ਸੀ, ਬੱਕਰੀ ਘਾਹ ਖਾਂਦੀ ਹੈ, ਨਾ ਉਸਨੂੰ ਤੇਜ਼ ਦੰਦ ਤੇ ਨਾਹੀਂ ਤਿਖੇ ਨਿਹੁੰ ਦੀ ਜ਼ਰੂਰਤ ਸੀ। ਬਿੱਲੀ ਦੀ ਖੁਰਾਕ ਚੂਹੇ ਆਦਿ ਹਨ ਜੋ ਰਾਤ ਨੂੰ ਨਿਕਲਦੇ ਹਨ ਇਸ ਲਈ ਇਸਨੂੰ ਅੱਖਾਂ ਅਜੇਹੀਆਂ ਦਿੱਤੀਆਂ ਗਈਆਂ ਜਿਨ੍ਹਾਂ ਨਾਲ ਰਾਤ ਦੇ ਅਨ੍ਹੇਰੇ ਵਿਚ ਸ਼ਕਾਰ ਕਰ ਸਕੇ। ਇਸ ਦੇ ਵਿਰੁੱਧ ਆਦਮੀ ਨੇ ਦਿਨ ਦੇ ਵੇਲੇ ਕਾਰ ਵਿਹਾਰ ਕਰਨੇ ਸਨ, ਜਿਸਨੂੰ ਰਾਤ ਦੇ ਅਨੇਰੇ ਵਿਚ ਕੰਮ ਕਰਨ ਦੀ ਲੋੜ ਨਹੀਂ ਸੀ ਜਿਸ ਤੋਂ ਹਨੇਰੇ ਵਿਚ ਵੇਖਣ ਵਾਲੀਆਂ ਅੱਖਾਂ ਨਾ ਮਿਲੀਆਂ। ਗਊ ਦਾ ਚਮੜਾ ਨਰਮ ਤੇ ਸਰੀਰ ਤੇ ਪਤਲੇ ਤੇ ਨਰਮ ਵਾਲ ਹੁੰਦੇ ਹਨ ਜਿਸਤੋਂ ਮੱਖੀ ਤੇ ਮੱਛਰ ਇਸਨੂੰ ਦੁਖ ਦੇਂਦੇ ਹਨ ਇਨ੍ਹਾਂ ਦੇ ਹਮਲੇ ਤੋਂ ਬਚਾਣ ਲਈ ਲੰਮੀ ਪੂੰਛ ਦੀ ਲੋੜ ਸੀ ਤਾਂਕਿ ਸਰੀਰ ਦੇ ਜਿਸ ਹਿੱਸੇ ਤੇ ਵੀ ਇਹ ਬੈਠੇ ਦੋਣ ਪੂੰਛ ਦੇ ਨਾਲ ਉਡਾ ਸਕੇ। ਊਠ ਦਾ ਚਮੜਾ ਬੜਾ ਸਖਤ ਤੇ ਉਪਰ ਘਣੇ, ਗੁਛੇਦਾਰ ਵਾਲ ਹੁੰਦੇ ਹਨ, ਜਿਨ੍ਹਾਂ ਦੀ ਹੋਂਦ ਵਿਚ ਮੱਖੀ ਮੱਛਰ ਆਦਿ ਦਾ ਡੰਗ ਉਨ੍ਹਾਂ ਦੇ ਸਰੀਰ ਤੇ ਅਸਰ ਨਹੀਂ ਕਰ ਸਕਦਾ, ਸੋ ਇਸਨੂੰ ਲੰਮੀ ਪੂੰਛ ਦੇਣਾ ਬੇਕਾਰ ਸੀ, ਇਸ ਕਰਕੇ ਛੋਟੀ ਦਿਤੀ ਗਈ, ਇਸੇ ਤਰਾਂ ਘੋੜੇ ਦਾ ਚਮੜਾ ਮੁਲਾਇਮ ਤੇ ਵਾਲ ਨਰਮ ਹੋਂਦੇ ਹਨ, ਜਿਸਤੋਂ ਇਸਨੂੰ ਵੀ ਮੱਖੀ ਮੱਛਰ ਤੋਂ ਬਚਾਣ ਲਈ ਲੰਮੀ ਪੂੰਛ ਦੀ ਲੋੜ ਸੀ, ਕਿੰਤੂ ਹਾਥੀ ਦਾ ਚਮੜਾ ਬੇ ਹੱਦ ਸਖਤ ਹੋਂਦਾ ਹੈ, ਜਿਸਤੇ ਆਮ ਹਾਲਤਾਂ ਵਿਚ ਲੋਹੇ ਦੇ ਆਂਕਸ ਤਕ ਦਾ ਵੀ ਕੋਈ ਅਸਰ ਨਹੀਂ ਹੋਂਦਾ, ਅਜੇਹੀ ਸੂਰਤ ਵਿੱਚ ਉਸ ਦੀ ਪਿੱਠ ਤੇ ਵਾਲ ਤੇ ਲੰਮੀ ਪੂਛ ਬੇ ਲੋੜੀਦੀ ਚੀਜ਼ ਸੀ, ਇਸ ਕਰਕੇ ਨਾ ਦਿੱਤੀ ਗਈ। ਊਠ ਰੇਤਲੇ ਮੁਲਕਾਂ ਵਿੱਚ ਰੈਹਣ ਵਾਲਾ ਪਸ਼ੂ ਹੈ, ਜਿਥੇ ਕਈ ਕਈ ਦਿਨਾਂ ਦੇ ਸਫਰ ਵਿੱਚ ਪਾਣੀ ਦਾ ਨਾਮ ਨਿਸ਼ਾਨ ਨਹੀਂ ਮਿਲਦਾ, ਜਿਸਤੋਂ ਕੁਦਰਤ ਨੇ ਆਮ ਜਾਨਵਰਾਂ ਦੇ ਅੰਦਰ ਜਿਥੇ ਚਾਰ ਖਾਨੇ ਬਣਾਏ

ਸੀ, ਊਠ ਦੇ ਅੰਦਰ ਪੰਜ ਬਣਾ ਦਿਤੇ ਤਾਂਕੇ ਉਹ ਇਸ ਪੰਜਵੇਂ ਖਾਨੇ ਵਿੱਚ ਪਾਣੀ ਭਰਕੇ ਰੱਖ ਸਕੇ ਤੇ ਲੋੜ ਵੇਲੇ ਕੱਢ ਕੇ ਪੀ ਲਵੇ ਬਾਕੀ ਪਸ਼ੂਆਂ ਦੀ ਹਾਲਤ ਏਹ ਨਹੀਂ ਸੀ ਇਸ ਵਾਸਤੇ ਉਹਨਾਂ ਦੇ ਅੰਦਰ ਪੰਜਵਾਂ ਖਾਨਾ ਨਾ ਬਣਾਇਆ ਗਿਆ।

ਉਪ੍ਰੋਕਤ ਵਿਚਾਰ ਤੋਂ ਪਤਾ ਲਗਾ ਕਿ:—

(੧) ਸ਼ਕਾਰੀ ਜਾਨਵਰਾਂ ਨੂੰ ਨੇਹੁੰ ਤੇ ਦੰਦ ਤੇਜ਼ ਦਿਤੇ ਗਏ ਹਨ ਤੇ ਉਹ ਅੰਧੇਰੇ ਵਿਚ ਵੀ ਵੇਖ ਸਕਦੇ ਹਨ।

(੨) ਜਿਨ੍ਹਾਂ ਜਾਨਵਰਾਂ ਦਾ ਚਮੜਾ ਸਖਤ ਜਾਂ ਸਰੀਰ ਤੇ ਗੁਛੇਦਾਰ ਵਾਲ ਹਨ ਉਹਨਾਂ ਦੀ ਪੂੰਛ ਛੋਟੀ ਤੇ ਜਿਨ੍ਹਾਂ ਦਾ ਚਮੜਾ ਨਰਮ ਤੇ ਉਪਰ ਵਾਲੇ ਵਾਲ ਵੀ ਪਤਲੇ ਤੇ ਮੁਲਾਇਮ ਹਨ ਉਨ੍ਹਾਂ ਦੀ ਪੂੰਛ ਲੰਮੀ ਹੁੰਦੀ ਹੈ ਆ ਦਿ। ਇਸ ਸਾਧਾਰਨ ਜਹੀ ਵਿਚਾਰ ਤੋਂ ਪਤਾ ਲਗ ਗਿਆ ਕਿ ਅੱਡ ਅੱਡ ਤਰਾਂ ਤੇ ਜਾਨਵਰਾਂ ਦੇ ਸਰੀਰ ਦੀ ਬਣਤਰ ਵਿੱਚ ਜੋ ਫਰਕ ਹੈ ਉਹ ਅੰਨ੍ਹੇ ਵਾਹ ਨਹੀਂ ਤੇ ਨਾਹੀਂ ਇਹ ਕਾਣੀ ਵੰਡ ਕੀਤੀ ਗਈ ਹੈ, ਕਿੰਤੂ ਉਸ "ਪੂਰਨ ਅਕਲ" ਨੇ ਜਿਸ ਜਿਸ ਜਾਨਵਰ ਨੂੰ ਜਿਸ ੨ ਭਾਂਤ ਦਾ ਬਣਾਇਆ, ਜਿਸ ਜਿਸ ਥਾਂ ਤੇ ਜਹੀ ਜਹੀ ਪੈਣ ਪਾਣੀ ਵਿਚ ਉਤਪਨ ਕੀਤਾ ਉਹੋ ਜਹੇ ਉਸ ਨੂੰ ਸਾਮਾਨ ਦੇ ਦਿਤੇ। ਵਾਹਿਗੁਰੂ ਨ ਜੋ ਜੋ ਚੀਜ਼ ਜਿਸ ਜਿਸਨੂੰ ਬਖਸ਼ੀ ਹੈ ਉਹ ਉਸਦੇ ਵਾਸਤੇ ਉਚਤ ਲਾਭਦਾਇਕ ਤੇ ਜ਼ਰੂਰੀ ਹੈ। ਜੇ ਕਦੀ ਇਨਸਾਨ ਆਪਣੀ ਤੁਛ ਅਕਲ ਨਾਲ ਕਿਸੇ ਗਲ ਦੇ ਗੁਣ ਨੂੰ ਸਮਝ ਨਹੀਂ ਸਕਿਆ ਤਦ ਉਸਨੂੰ ਉਸ ਗਲ ਦੇ ਸਮਝਣ ਦੀ ਕੋਸ਼ਸ਼ ਵਧੀਕ ਯਤਨ ਨਾਲ ਕਰਨੀ ਚਾਹੀਦੀ ਹੈ ਕਿੰਤੂ ਜੇ ਕਦੀ ਉਹ ਉਸ ਨੂੰ ਸਮਝਣ ਦੀ ਥਾਂ ਆਪਣੀ ਤੁਛ ਬੁੱਧੀ ਦੇ ਘੁਮੰਡ ਤੇ ਉਸ "ਪੂਰਨ ਅਕਲ" ਦੇ ਕੀਤੇ ਕੰਮ ਦੇ ਬੇ ਅਰਥ ਹੋਣ ਦਾ ਫਤਵਾ ਦੇ ਦੇਂਦਾ ਹੈ ਤਦ ਉਹ ਅਜਿਹਾ ਕਰ ਕੇ ਨਾ ਕੇਵਲ ਆਪ ਧੋਖਾ ਖਾਂਦਾ ਹੈ ਬਲਕੇ ਉਹ ਆਪਨੇ ਅਜਿਹੇ ਖਿਆਲ ਪ੍ਰਗਟ ਕਰਕੇ ਦੂਜਿਆਂ ਨੂੰ ਵੀ ਠੋਕਰ ਖੁਆਣ ਦਾ ਕਾਰਨ ਬਨਕੇ ਅਪਨੇ ਆਪ ਨੂੰ ਪਾਪੀ ਬਨਾ ਦਿੰਦਾ ਹੈ, ਜਿਸਦਾ ਡੰਡ ਈਸਾਈਆਂ ਤੇ ਮੁਸਲਮਾਨਾਂ ਦੇ ਨਿਸ਼ਚੇ ਅਨੁਸਾਰ ਦੋਜ਼ਖ ਦੀ ਅੱਗ ਤੇ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.